EQUIFAX

sidbi

# ਮਾਈਕ੍ਰੋਫਾਈਨਾਂਸ ਪਲਸ

**ਭਾਗ VIII - ਅਪ੍ਰੈਲ 2021**



# ਵਿਸ਼ਲੇਸ਼ਣੀ ਸੰਪਰਕ


## ਇਕੁਈਫੈਕਸ ਸਿਡਬੀ

ਕਿਰਨ ਸਮੁੰਦਰਾਲਾ

ਵੀਪੀ – ਵਿਸ਼ਲੇਸ਼ਕ

kiran.samudrala@equifax.com

ਸ਼ਰੂਤੀ ਜੋਸ਼ੀ

ਏਵੀਪੀ - ਵਿਸ਼ਲੇਸ਼ਕ

shruti.joshi@equifax.com

ਖਯਾਤੀ ਖਜੂਰੀਆਏਐੱਮ – ਵਿਸ਼ਲੇਸ਼ਕ

khayati.khajuria@equifax.com

ਵੰਦਨਾ ਪੰਚਾਲ

ਸੀਨੀਅਰ ਸਾਬਕਾ – ਵਿਸ਼ਲੇਸ਼ਕ

vandana.panchal@equifax.com

## ਸਿਡਬੀ

ਐੱਸਆਈਡੀਬੀਆਈ/ ਸਿਡਬੀ

ਕੈਲਾਸ਼ ਚੰਦਰ ਭਾਨੂ

ਸੀਜੀਐੱਮ - ਈਆਰਡੀਏਵੀ

erdav@sidbi.in

ਰੰਗਦਾਸ ਪ੍ਰਭਾਵਤੀ

ਡੀਜੀਐੱਮ – ਈਆਰਡੀਏਵੀ

erdav@sidbi.in

ਰਮੇਸ਼ ਕੁਮਾਰ

ਏਐੱਮ – ਈਆਰਡੀਏਵੀ

rameshk@sidbi.in


"ਮਾਈਕ੍ਰੋਫਾਈਨਾਂਸ ਪਲਸ ਦਾ ਪਹਿਲਾ ਸੰਸਕਰਣ ਹਿੰਦੀ, ਅੰਗ੍ਰੇਜ਼ੀ, ਮਣੀਪੁਰੀ, ਤੇਲਗੂ, ਅਸਾਮੀ, ਤਮਿਲ, ਗੁਜਰਾਤੀ, ਬੰਗਾਲੀ, ਪੰਜਾਬੀ, ਓਡੀਆ, ਮਰਾਠੀ ਅਤੇ ਬੋਡੋ ਸਮੇਤ 12 ਭਾਰਤੀ ਭਾਸ਼ਾਵਾਂ ਵਿੱਚ ਉਪਲਬਧ ਹੈ। ਤੁਸੀਂ ਇਨ੍ਹਾਂ ਭਾਸ਼ਾਵਾਂ ਵਿੱਚ ਰਿਪੋਰਟ ਨੂੰ https://www.sidbi.in/en/microfinance-pulse-all-edition 'ਤੇ ਪੜ੍ਹ ਸਕਦੇ ਹੋ|."

# ਵਿਸ਼ਾ ਸੂਚੀ


- ਕਾਰਜਕਾਰੀ ਸੰਖੇਪ 04
- ਸੰਖੇਪ ਸ਼ਬਦ ਅਤੇ ਸ਼ਬਦਾਵਲੀ 06
- ਮਾਈਕ੍ਰੋਫਾਈਨਾਂਸ ਉਦਯੋਗ ਬਾਰੇ ਸੰਖੇਪ ਜਾਣਕਾਰੀ 07
- ਪੈਸੇ ਦੀ ਵੰਡ ਦਾ ਰੁਝਾਨ 10
- ਉਦਯੋਗ ਜੋਖਮ ਪ੍ਰੋਫਾਈਲ 14
- ਭੂਗੋਲਿਕ ਐਕਸਪੋਜ਼ਰ 17
- ਵਿਆਪਕ ਰਾਜ ਪ੍ਰੋਫਾਈਲ: ਮਹਾਰਾਸ਼ਟਰ 20
- ਅਭਿਲਾਸ਼ੀ / ਐਸਪੀਰੇਸ਼ਨਲ ਜ਼ਿਲ੍ਹੇ 25
- ਅਸਾਮ ਬਾਰੇ ਸੰਖੇਪ ਜਾਣਕਾਰੀ 27



# ਕਾਰਜਕਾਰੀ

## ਸੰਖੇਪ ਵਿੱਚ

# ਕਾਰਜਕਾਰੀ ਸੰਖੇਪ ਵਿੱਚ

ਮਾਈਕ੍ਰੋਫਾਈਨਾਂਸ ਪਲਸ ਦਾ 8 ਵਾਂ ਸੰਸਕਰਣ 31 ਦਸੰਬਰ, 2020 ਤੱਕ ਮਾਈਕ੍ਰੋਫਾਈਨਾਂਸ ਉਦਯੋਗ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰ ਰਿਹਾ ਹੈ| ਮਾਈਕ੍ਰੋਫਾਈਨਾਂਸ ਪਲਸ ਮਾਈਕ੍ਰੋਫਾਈਨਾਂਸ ਰਿਣਦਾਤਾਵਾਂ ਵਿੱਚ ਉਦਯੋਗ ਦੇ ਰੁਝਾਨਾਂ ਨੂੰ ਕਵਰ ਕਰਦਾ ਹੈ ਅਤੇ ਪਿਛਲੇ ਸਮੇਂ ਵਿੱਚ ਮਾਈਕ੍ਰੋਫਾਈਨਾਂਸ ਖੇਤਰ ਵਿੱਚ ਰੁਝਾਨਾਂ ਦੀ ਰਿਪੋਜ਼ਟਰੀ ਦੇਣ ਤੋਂ ਇਲਾਵਾ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਦਸਦਾ ਹੈ|

ਮਾਈਕ੍ਰੋਫਾਈਨਾਂਸ ਉਦਯੋਗ 2020 ਦੇ ਕੈਲੰਡਰ ਸਾਲ ਦੇ ਅਖੀਰ ਵਿੱਚ 6 ਕਰੋੜ ਲਾਈਵ ਕਰਜ਼ਾ ਲੈਣ ਵਾਲਿਆਂ ਦੇ ਅਧਾਰ ਤੱਕ ਪਹੁੰਚ ਗਈ ਹੈ| 31 ਦਸੰਬਰ ਨੂੰ ਮਾਈਕ੍ਰੋਫਾਈਨਾਂਸ ਉਦਯੋਗ ਦਾ ਬੁੱਕ ਆਕਾਰ 228,818 ਕਰੋੜ ਹੈ| ਦਸੰਬਰ 2019 ਤੋਂ ਦਸੰਬਰ 2020 ਤੱਕ ਪੋਰਟਫੋਲੀਓ ਬਕਾਇਆ 16% ਵਧਿਆ ਹੈ| ਬੈਂਕ ਕੁੱਲ ਪੋਰਟਫੋਲੀਓ ਬਕਾਏ ਵਿੱਚ 42% ਅਤੇ ਐਕਟਿਵ ਕਰਜ਼ਿਆਂ ਵਿੱਚ 39% ਯੋਗਦਾਨ ਦੇ ਕੇ ਅਗਵਾਈ ਕਰ ਰਹੇ ਹਨ|

ਓ.ਐੱਨ.ਡੀ'20 ਵਿੱਚ ਕਰਜ਼ੇ ਦੀ ਵੰਡ ਵਿੱਚ ਤੇਜ਼ੀ ਨਾਲ ਵਾਧਾ ਹੋਇਆ, ਬੈਂਕਾਂ ਨੇ ਕੋਵਿਡ ਤੋਂ ਪਹਿਲਾਂ ਦੇ ਪੱਧਰ ਤੋਂ ਵੱਧ ਕਰਜ਼ੇ ਵੰਡਣੇ ਸ਼ੁਰੂ ਕਰ ਦਿੱਤੇ| ਪਿਛਲੀ ਤਿਮਾਹੀ ਦੇ ਮੁਕਾਬਲੇ, ਰਕਮ ਰਾਹੀਂ ਵੰਡ ਵਿੱਚ 84% ਦਾ ਵਾਧਾ ਹੋਇਆ ਅਤੇ ਓ.ਐੱਨ.ਡੀ'20 ਵਿੱਚ ਵਾਂਦੇ ਗਏ ਕਰਜ਼ੇ ਦੀ ਗਿਣਤੀ ਵਿੱਚ 97% ਦਾ ਵਾਧਾ ਹੋਇਆ ਹੈ| 0 ਤੋਂ 10000 ਟਿਕਟ ਆਕਾਰ ਦੇ ਕਰਜ਼ਿਆਂ ਨੇ ਓ.ਐੱਨ.ਡੀ'19 ਤੋਂ ਓ.ਐੱਨ.ਡੀ'20 ਤੱਕ ਸਭ ਤੋਂ ਵੱਧ 240% ਦਾ ਸਾਲ ਦਰ ਸਾਲ ਵਾਧਾ ਦਰਜ ਕੀਤਾ ਹੈ| ਔਸਤਨ ਟਿਕਟ ਦੇ ਆਕਾਰ ਵਿੱਚ ਓ.ਐੱਨ.ਡੀ'19 ਤੋਂ ਓ.ਐੱਨ.ਡੀ'20 ਤੱਕ 5% ਦਾ ਸਾਲ ਦਰ ਸਾਲ ਨੈਗੀਟਿਵ ਵਾਧਾ ਹੋਇਆ ਹੈ| ਦਸੰਬਰ 2020 ਵਿੱਚ ਉਦਯੋਗ 1+ ਘਾਟੇ 20.68% 'ਤੇ ਇੱਕ ਸਿਖਰ ਨੂੰ ਦਰਸਾਉਂਦੇ ਹਨ| ਬੈਂਕਾਂ ਨੂੰ ਛੱਡ ਕੇ ਬਾਕੀ ਸਾਰੇ ਸੈਕਟਰਾਂ ਨੇ 60000 ਤੋਂ ਵੱਧ ਟਿਕਟ ਆਕਾਰ ਦੀ ਬਕੇਟ ਵਿੱਚ 90+ ਘਾਟੇ ਬਹੁਤ ਵਧੀਆ ਢੰਗ ਨਾਲ ਬਣਾਈ ਰੱਖੇ ਹਨ|

ਚੋਟੀ ਦੇ 5 ਰਾਜਾਂ ਨੇ ਭਾਰਤ ਦੇ ਪੋਰਟਫੋਲੀਓ ਵਿੱਚ 55% ਯੋਗਦਾਨ ਪਾਇਆ| ਪੱਛਮੀ ਬੰਗਾਲ ਬਕਾਇਆ ਪੋਰਟਫੋਲੀਓ ਵਿੱਚ ਸਭ ਤੋਂ ਵੱਧ 15% ਦਾ ਯੋਗਦਾਨ ਪਾ ਰਿਹਾ ਹੈ| ਦਸੰਬਰ 2020 ਤੱਕ, ਚੋਟੀ ਦੇ 5 ਰਾਜਾਂ ਵਿੱਚੋਂ ਤਮਿਲ ਨਾਡੂ ਵਿੱਚ ਸਭ ਤੋਂ ਘੱਟ 90+ ਘਾਟੇ ਸੀ, ਜੋ ਕਿ 2.36% ਸੀ| ਦਸੰਬਰ 2020 ਤੱਕ, ਚੋਟੀ ਦੇ 5 ਰਾਜਾਂ ਵਿੱਚੋਂ ਪੱਛਮੀ ਬੰਗਾਲ ਦੇ 90+ ਘਾਟੇ 8.97% 'ਤੇ ਸਭ ਤੋਂ ਵੱਧ ਸੀ| ਦਸੰਬਰ 2020 ਤੱਕ, ਅਭਿਲਾਸ਼ੀ ਜ਼ਿਲ੍ਹਿਆਂ ਵਿੱਚ ਬਕਾਇਆ ਪੋਰਟਫੋਲੀਓ `28,256 ਕਰੋੜ ਰਿਹਾ, ਜਿਸ ਵਿੱਚ ਬੈਂਕਾਂ ਦਾ 42% ਹਿੱਸਾ ਹੈ ਅਤੇ ਇਸ ਤੋਂ ਬਾਅਦ ਐੱਨਬੀਐੱਫ਼ਸੀ – ਐੱਮਐੱਫ਼ਆਈ ਦਾ 36% ਹਿੱਸਾ ਹੈ| ਅਭਿਲਾਸ਼ੀ ਜ਼ਿਲ੍ਹਿਆਂ ਵਿੱਚ ਐੱਨਬੀਐੱਫ਼ਸੀ – ਐੱਮਐੱਫ਼ਆਈ ਦੇ ਸਭ ਤੋਂ ਵੱਧ 90+ ਘਾਟੇ ਹਨ|

31 ਦਸੰਬਰ 2020 ਤੱਕ ਮਹਾਰਾਸ਼ਟਰ ਨੇ ਐਕਟਿਵ ਕਰਜ਼ਿਆਂ ਅਤੇ ਬਕਾਇਆ ਪੋਰਟਫੋਲੀਓ ਵਿੱਚ ਸਰਬ ਭਾਰਤੀ ਐੱਮਐੱਫ਼ਆਈ ਪੋਰਟਫੋਲੀਓ ਵਿੱਚ 7% ਯੋਗਦਾਨ ਪਾਇਆ ਹੈ| ਮਹਾਰਾਸ਼ਟਰ ਨੇ ਦਸੰਬਰ 2019 ਤੋਂ ਦਸੰਬਰ 2020 ਤੱਕ ਸਾਲ ਦਰ ਸਾਲ ਦੀ ਦਰ ਵਿੱਚ 17% ਦਾ ਵਾਧਾ ਦਰਜ ਕੀਤਾ ਹੈ। ਮਹਾਂਰਾਸ਼ਟਰ ਵਿੱਚ ਹੋਰਨਾਂ ਕਰਜ਼ਦਾਰਾਂ ਦੀ ਤੁਲਨਾ ਵਿੱਚ ਐੱਨਬੀਐੱਫ਼ਸੀ ਦੇ ਏਟੀਐੱਸ ਸਭ ਤੋਂ ਵੱਧ ਹਨ| ਸਰਬ ਭਾਰਤੀ ਘਾਟੇ ਦੀ ਤੁਲਨਾ ਵਿੱਚ ਮਹਾਰਾਸ਼ਟਰ ਦੇ 90+ ਘਾਟੇ ਵਧੇਰੇ ਹਨ| ਸਾਲ ਦਰ ਸਾਲ ਦੇ ਅਧਾਰ 'ਤੇ ਮਹਾਂਰਾਸ਼ਟਰ ਵਿੱਚ ਵੰਡਣ ਦੀ ਸੰਖਿਆ ਵਿੱਚ ਸਰਬ ਭਾਰਤੀ ਪੱਧਰ ਦੇ 3% ਸਾਲ ਦਰ ਸਾਲ ਵਾਧੇ ਦੇ ਮੁਕਾਬਲੇ 11.5% ਦੀ ਗਿਰਾਵਟ ਆਈ ਹੈ|

ਅਸਾਮ ਵਿੱਚ ਦਸੰਬਰ 2019 ਤੋਂ ਦਸੰਬਰ 2020 ਤੱਕ ਪੋਰਟਫੋਲੀਓ ਦੇ ਮਾਮਲੇ ਵਿੱਚ 5% ਦਾ ਨੈਗੀਟਿਵ ਵਾਧਾ ਹੋਇਆ ਹੈ। ਦਸੰਬਰ 2019 ਦੇ ਮੁਕਾਬਲੇ ਅਸਾਮ ਵਿੱਚ ਦਸੰਬਰ 2020 ਵਿੱਚ ਸਾਰੇ ਖੇਤਰਾਂ ਵਿੱਚ 90+ ਘਾਟੇ ਵਧੇ ਹਨ। ਓ.ਐੱਨ.ਡੀ'19 ਤੋਂ ਓ.ਐੱਨ.ਡੀ'20 ਵਿੱਚ ਅਸਾਮ ਵਿੱਚ ਕਰਜ਼ਾ ਸਰੋਤ 79% ਵਧੇ ਹਨ।

# ਸੰਖੇਪ ਸ਼ਬਦ ਅਤੇ ਸ਼ਬਦਾਵਲੀ

- ਏਟੀਐੱਸ (ਔਸਤਨ ਟਿਕਟ ਦਾ ਆਕਾਰ) = ਵੰਡੀ ਗਈ ਰਕਮ / ਕਰਜ਼ਿਆਂ ਦੀ ਸੰਖਿਆ
- ਡੀਪੀਡੀ = ਬੀਤੇ ਦਿਨਾਂ ਦਾ ਬਕਾਇਆ
- ਈਵ ਪੀਓਐੱਸ ਜਾਂ ਕਰਜ਼ ਲੈਣ ਵਾਲਾ ਜਾਂ ਐਕਟਿਵ ਕਰਜ਼ੇ = 0 ਤੋਂ 179 ਡੀਪੀਡੀ + ਨਵੇਂ ਖਾਤੇ + ਚਾਲੂ ਖਾਤੇ
- ਐੱਮਐੱਫ਼ਆਈ = ਮਾਈਕ੍ਰੋਫਾਈਨਾਂਸ ਸੰਸਥਾ
- ਪੀਓਐੱਸ = ਪੋਰਟਫੋਲੀਓ ਬਕਾਇਆ
- ਯੂਟੀ = ਕੇਂਦਰ ਸ਼ਾਸਤ ਪ੍ਰਦੇਸ਼
- ਅਭਿਲਾਸ਼ੀ ਜ਼ਿਲ੍ਹੇ (ਏਡੀ) - ਜਨਵਰੀ 2018 ਵਿੱਚ, ਭਾਰਤ ਸਰਕਾਰ ਦੇ ਨੀਤੀ ਆਯੋਗ ਦੁਆਰਾ ਅਭਿਲਾਸ਼ੀ ਜ਼ਿਲ੍ਹਿਆਂ (ਇਸ ਵੇਲੇ 117 ਜ਼ਿਲ੍ਹੇ) ਦੀ ਪਛਾਣ ਕੀਤੀ ਗਈ ਸੀ, ਇਨ੍ਹਾਂ ਜ਼ਿਲ੍ਹਿਆਂ ਦੀ ਪਛਾਣ ਇਸ ਲਈ ਕੀਤੀ ਗਈ ਸੀ ਤਾਂ ਕਿ ਸਿਹਤ ਅਤੇ ਪੋਸ਼ਣ, ਸਿੱਖਿਆ, ਖੇਤੀਬਾੜੀ ਅਤੇ ਜਲ ਸਰੋਤਾਂ, ਵਿੱਤੀ ਸ਼ਮੂਲੀਅਤ, ਹੁਨਰ ਵਿਕਾਸ ਅਤੇ ਬੁਨਿਆਦੀ ਢਾਂਚੇ ਵਰਗੇ ਸੰਯੋਜਤ ਸੰਕੇਤਾਂ ਦੇ ਅਧਾਰ 'ਤੇ ਭਾਰਤ ਦੇ ਮਨੁੱਖੀ ਵਿਕਾਸ ਸੂਚਕ ਅੰਕ ਨੂੰ ਹੋਰ ਵਧਾ ਕੇ ਇਸ ਵਿੱਚ ਸੁਧਾਰ ਕੀਤਾ ਜਾ ਸਕੇ|
- 1-179 = 1 ਤੋਂ 179 ਡੀਪੀਡੀ / ਲਾਈਵ ਪੀਓਐੱਸ
- 1-29 = 1 ਤੋਂ 29 ਡੀਪੀਡੀ / ਲਾਈਵ ਪੀਓਐੱਸ
- 30-59 = 30 ਤੋਂ 59 ਡੀਪੀਡੀ / ਲਾਈਵ ਪੀਓਐੱਸ
- 60-89 = 60 ਤੋਂ 89 ਡੀਪੀਡੀ / ਲਾਈਵ ਪੀਓਐੱਸ
- 90-179 = 90 ਤੋਂ 179 ਡੀਪੀਡੀ / ਲਾਈਵ ਪੀਓਐੱਸ
- 30+ ਘਾਟੇ = 30-179 ਡੀਪੀਡੀ / ਲਾਈਵ ਪੀਓਐੱਸ
- 90+ ਘਾਟੇ = 90-179 ਡੀਪੀਡੀ / ਲਾਈਵ ਪੀਓਐੱਸ
- ਓਐੱਨਡੀ'19 = ਅਕਤੂਬਰ 2019 ਤੋਂ ਦਸੰਬਰ 2019
- ਜੇਐੱਫ਼ਐੱਮ'20 = ਜਨਵਰੀ 2020 ਤੋਂ ਮਾਰਚ 2020
- ਏਐੱਮਜੇ'20 = ਅਪ੍ਰੈਲ 2020 ਤੋਂ ਜੂਨ 2020
- ਜੇਏਐੱਸ'20 = ਜੁਲਾਈ 2020 ਤੋਂ ਸਤੰਬਰ 2020
- ਓਐੱਨਡੀ'20 = ਅਕਤੂਬਰ 2020 ਤੋਂ ਦਸੰਬਰ 2020





# ਮਾਈਕ੍ਰੋਫਾਈਨਾਂਸ ਉਦਯੋਗ

## ਸੰਖੇਪ ਜਾਣਕਾਰੀ

# ਮਾਈਕ੍ਰੋਫਾਈਨਾਂਸ ਉਦਯੋਗ ਸਨੈਪਸ਼ਾਟ - 31 ਦਸੰਬਰ 2020 ਤੱਕ

Graph-01




| Snapshot as on 30th December 2020 | Banks | SFBs | NBFC-MFIs | NBFCs | Not for Profit MFIs | Total Industry |
|---|---|---|---|---|---|---|
| Unique Live Borrowers ('000) | 26,230 | 13,961 | 25,322 | 7,534 | 827 | 73,874 |
| Active Loans ('000) | 40,008 | 17,460 | 36,459 | 8,075 | 1,076 | 103,078 |
| Portfolio (`crore) | 96,683 | 38,109 | 73,166 | 18,988 | 1,872 | 228,818 |
| Disbursed Amount (`crore) - OND' 20 | 32,395 | 7,741 | 21,043 | 2,427 | 575 | 64,181 |
| Average Ticket Size (`) - OND' 20 | 31,955 | 37,481 | 33,177 | 40,906 | 32,519 | 33,227 |
| 30+ Delinquency (POS) | 14.63% | 10.40% | 13.44% | 11.30% | 3.53% | 13.18% |
| 90+ Delinquency (POS) | 4.84% | 4.44% | 6.19% | 2.27% | 1.37% | 4.96% |

Table-01


- 31 ਦਸੰਬਰ ਨੂੰ ਮਾਈਕ੍ਰੋਫਾਈਨਾਂਸ ਉਦਯੋਗ ਦਾ ਬੁੱਕ ਆਕਾਰ 228,818 ਕਰੋੜ ਹੈ| ਬੈਂਕ ਕੁੱਲ ਪੋਰਟਫੋਲੀਓ ਬਕਾਏ ਵਿੱਚ 42% ਅਤੇ ਐਕਟਿਵ ਕਰਜ਼ਿਆਂ ਵਿੱਚ 39% ਯੋਗਦਾਨ ਦੇ ਕੇ ਅਗਵਾਈ ਕਰ ਰਹੇ ਹਨ|
- ਜਾਰੀ ਕੀਤੀ ਗਈ ਰਕਮ ਵਿੱਚ 33% ਦਾ ਯੋਗਦਾਨ ਪਾਉਂਦਿਆਂ ਐੱਨਬੀਐੱਫ਼ਸੀ - ਐੱਮਐੱਫਆਈ ਓਐੱਨਡੀ'20 ਦੀ ਤਿਮਾਹੀ ਵਿੱਚ ਦੂਜੇ ਨੰਬਰ 'ਤੇ ਰਹੇ ਹਨ
- ਐੱਨਬੀਐੱਫ਼ਸੀ ਦੇ ਏਟੀਐੱਸ ਉਦਯੋਗ ਏਟੀਐੱਸ ਨਾਲੋਂ 23% ਵੱਧ ਹਨ
- ਮਾਈਕ੍ਰੋਫਾਈਨਾਂਸ ਉਦਯੋਗ ਦੇ ਮੁਕਾਬਲੇ ਐੱਨਬੀਐੱਫ਼ਸੀ ਦੇ 90+ ਘਾਟੇ ਅਤੇ ਬਿਨਾਂ ਲਾਭ ਵਾਲੀਆਂ ਐੱਮਐੱਫ਼ਆਈ ਨੂੰ ਵਧੀਆ ਢੰਗ ਨਾਲ ਬਣਾਈ ਰੱਖਿਆ ਗਿਆ ਹੈ

**ਨੋਟ**: ਐੱਮਐੱਫ਼ਆਈ ਹਿੱਸੇ ਵਿੱਚ 6 ਕਰੋੜ ਵਿਲੱਖਣ ਲਾਈਵ ਕਰਜ਼ਾ ਲੈਣ ਵਾਲੇ ਹਨ| ਗਾਹਕਾਂ ਦੀ ਵਿਲੱਖਣ ਗਿਣਤੀ ਵਿੱਚ ਫ਼ਰਕ ਗਾਹਕਾਂ ਦੇ ਐੱਸਐੱਫ਼ਬੀ, ਬੈਂਕਾਂ, ਐੱਨਬੀਐੱਫਸੀ – ਐੱਮਐੱਫ਼ਆਈ, ਐੱਨਬੀਐੱਫਸੀ ਅਤੇ ਬਿਨਾਂ ਲਾਭ ਵਾਲੀਆਂ ਐੱਮਐੱਫ਼ਆਈ ਨਾਲ ਵਧੇਰੇ ਸੰਬੰਧਾਂ ਕਰਕੇ ਹੈ।

# ਮਾਈਕ੍ਰੋਫਾਈਨਾਂਸ ਉਦਯੋਗ ਬਾਰੇ ਸੰਖੇਪ ਜਾਣਕਾਰੀ

Graph-02

Market Share Trends by Lender type




Portfolio Outstanding (` crore)

| Particulars | Dec' 19 | Mar' 20 | Jun' 20 | Sep' 20 | Dec' 20 |
|---|---|---|---|---|---|
| Banks | 78,522 | 81,001 | 91,920 | 93,409 | 96,683 |
| SFBs | 34,964 | 38,986 | 39,225 | 42,682 | 38,109 |
| NBFC-MFIs | 62,982 | 72,110 | 71,342 | 70,142 | 73,166 |
| NBFCs | 18,753 | 18,073 | 19,875 | 19,838 | 18,988 |
| Not for Profit MFIs | 1,599 | 1,679 | 1,842 | 1,772 | 1,872 |
| Total Industry | 196,820 | 211,849 | 224,204 | 227,843 | 228,818 |
| Q-o-Q growth rate % | - | 8% | 6% | 2% | 0% |

Table-02

- ਮਾਈਕ੍ਰੋਫਾਈਨਾਂਸ ਉਦਯੋਗ ਦਸੰਬਰ 2019 ਤੋਂ ਦਸੰਬਰ 2020 ਤੱਕ 16% ਵਧਿਆ
- ਬੈਂਕਾਂ ਨੇ ਦਸੰਬਰ 2019 ਤੋਂ ਦਸੰਬਰ 2020 ਤੱਕ ਦੇ ਸਾਰੇ ਕਰਜ਼ਾ ਦੇਣ ਵਾਲਿਆਂ ਵਿੱਚ ਸਾਲ ਦਰ ਸਾਲ ਦੀ 23% ਦੀ ਵਾਧਾ ਦਰ ਵੇਖੀ





# ਵੰਡ ਦੇ ਰੁਝਾਨ

# ਵੰਡ ਦੇ ਰੁਝਾਨ - ਸੰਸਥਾ ਅਨੁਸਾਰ

Graph-03

Market Share Trends by Lender type




No. of Loans Disbursed (in lakh)


| Lender Type | OND' 19 | JFM' 20 | AMJ' 20 | JAS' 20 | OND' 20 |
|---|---|---|---|---|---|
| Banks | 74 | 83 | 14 | 47 | 101 |
| SFBs | 30 | 31 | 5 | 12 | 21 |
| NBFC-MFIs | 69 | 71 | 2 | 32 | 63 |
| NBFCs | 12 | 11 | 1 | 5 | 6 |
| Not for Profit MFIs | 3 | 2 | 1 | 2 | 2 |
| Total Industry | 188 | 198 | 23 | 98 | 193 |

Table-03

- ਓਐੱਨਡੀ'20 ਵਿੱਚ ਜਾਰੀ ਕੀਤੇ ਕਰਜ਼ਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਮੁੜ ਉਛਾਲ ਆਇਆ ਹੈ, ਬੈਂਕਾਂ ਨੇ ਕੋਵਿਡ ਤੋਂ ਪਹਿਲਾਂ ਦੇ ਪੱਧਰ ਤੋਂ ਵੱਧ ਕਰਜ਼ੇ ਵੰਡੇ ਹਨ| ਐੱਨਬੀਐੱਫਸੀ – ਐੱਮਐੱਫਆਈ ਕੋਵਿਡ ਤੋਂ ਪਹਿਲਾਂ ਦੇ ਪੱਧਰ 'ਤੇ ਵਾਪਸ ਜਾ ਰਹੇ ਹਨ| ਐੱਨਬੀਐੱਫਸੀ ਅਤੇ ਐੱਸਐੱਫਬੀ ਨੇ ਹਾਲਾਂਕਿ ਜੇਏਐੱਸ'20 ਦੇ ਮੁਕਾਬਲੇ ਵਧੇਰੇ ਕਰਜ਼ਿਆਂ ਦੀ ਵੰਡ ਕੀਤੀ ਹੈ, ਹਾਲੇ ਉਨ੍ਹਾਂ ਦੁਆਰਾ ਕੋਵਿਡ ਤੋਂ ਪਹਿਲਾਂ ਦਾ ਪੱਧਰ ਪ੍ਰਾਪਤ ਕਰਨਾ ਬਾਕੀ ਹੈ|
- ਪਿਛਲੀ ਤਿਮਾਹੀ ਦੇ ਮੁਕਾਬਲੇ, ਓਐੱਨਡੀ'20 ਵਿੱਚ ਰਕਮ ਰਾਹੀਂ ਵੰਡ ਵਿੱਚ 84% ਦਾ ਵਾਧਾ ਅਤੇ ਵੰਡੇ ਗਏ ਕਰਜ਼ਿਆਂ ਦੀ ਗਿਣਤੀ ਵਿੱਚ 97% ਦਾ ਵਾਧਾ ਹੋਇਆ ਹੈ|
- ਓਐੱਨਡੀ'20 ਵਿੱਚ ਬੈਂਕਾਂ ਦਾ ਕਰਜ਼ਾ ਵੰਡ ਅਤੇ ਵੰਡੀ ਹੋਈ ਰਕਮ ਵਿੱਚ 50% ਤੋਂ ਵੱਧ ਮਾਰਕੀਟ ਸ਼ੇਅਰ ਹੈ|

# ਉਦਯੋਗ ਟਿਕਟ ਆਕਾਰ ਦੇ ਰੁਝਾਨ

Graph-04




No. of Loans Disbursed (in lakh)


| Ticket Size | OND' 19 | JFM' 20 | AMJ' 20 | JAS' 20 | OND' 20 | Y-o-Y growth rate % |
|---|---|---|---|---|---|---|
| 0K-10K | 10 | 9 | 2 | 4 | 34 | 240% |
| 10K-20K | 12 | 11 | 10 | 15 | 20 | 67% |
| 20K-30K | 48 | 46 | 2 | 18 | 32 | -33% |
| 30K-40K | 60 | 62 | 3 | 24 | 42 | -30% |
| 40K-50K | 29 | 32 | 2 | 18 | 28 | -3% |
| 50K-60K | 14 | 19 | 2 | 10 | 18 | 29% |
| 60K Plus | 15 | 19 | 2 | 9 | 19 | 27% |
| Total | 188 | 198 | 23 | 98 | 193 | 3% |
| Q-o-Q loan disbursal growth rate % | - | 5% | -88% | 326% | 97% | - |
| All India ATS (`) | 34,904 | 36,842 | 28,640 | 35,620 | 33,227 | -5% |
| Q-o-Q ATS growth rate % | - | 6% | -22% | 24% | -7% | - |

Table-04

- ਓਐਂਡਡੀ'19 ਤੋਂ ਓਐਂਡਡੀ'20 ਤੱਕ, 0 ਕੇ – 10 ਕੇ ਟਿਕਟ ਆਕਾਰ ਦੇ ਕਰਜ਼ਿਆਂ ਨੇ ਸਭ ਤੋਂ ਵੱਧ 240% ਦਾ ਸਾਲ ਦਰ ਸਾਲ ਵਾਧਾ ਦਰਜ ਕੀਤਾ ਹੈ|
- 30 ਕੇ – 40 ਕੇ ਟਿਕਟ ਆਕਾਰ ਸ਼੍ਰੇਣੀ ਦੇ ਤਹਿਤ ਸਭ ਤੋਂ ਵੱਧ ਕਰਜ਼ੇ ਜਾਰੀ ਕੀਤੇ ਗਏ ਹਨ|
- ਸਾਲ ਦਰ ਸਾਲ ਏਟੀਐੱਸ 5% ਘੱਟ ਰਹੀ, ਇਹ ਓਐਂਡਡੀ'19 ਵਿੱਚ 34.904 ਤੋਂ ਘਟ ਕੇ ਓਐਂਡਡੀ'20 ਵਿੱਚ 33,227 ਰਹਿ ਗਈ ਹੈ|

# ਔਸਤਨ ਟਿਕਟ ਅਕਾਰ ਦੇ ਰੁਝਾਨ

Graph-05




Average Ticket Size (in `)

| Lender Type | OND' 19 | JFM' 20 | AMJ' 20 | JAS' 20 | OND' 20 | Y-o-Y growth rate % |
|---|---|---|---|---|---|---|
| Banks | 40,528 | 43,281 | 31,493 | 38,588 | 31,955 | -21% |
| SFBs | 34,551 | 34,615 | 25,450 | 33,032 | 37,481 | 8% |
| NBFC – MFIs | 28,941 | 30,485 | 28,339 | 32,855 | 33,177 | 15% |
| NBFCs | 36,252 | 37,776 | 19,627 | 33,940 | 40,906 | 13% |
| Not for Profit MFIs | 30,230 | 26,883 | 13,149 | 29,670 | 32,519 | 8% |
| Pan India | 34,904 | 36,842 | 28,640 | 35,620 | 33,227 | -5% |

Table-05

- ਓਐੱਨਡੀ'20 ਦੇ ਅਨੁਸਾਰ ਐੱਨਬੀਸੀਐੱਫ਼ ਦੇ ਏਟੀਐੱਸ ਸਾਰੇ ਰਿਣਦਾਤਾਵਾਂ ਨਾਲੋਂ ਉੱਚੇ ਹਨ|
- ਬੈਂਕਾਂ ਨੇ ਓਐੱਨਡੀ'19 ਤੋਂ ਓਐੱਨਡੀ'20 ਵਿੱਚ 21% ਦਾ ਨੈਗੀਟਿਵ ਵਾਧਾ ਦਰਜ ਕੀਤਾ ਹੈ|
- ਐੱਨਬੀਐੱਫ਼ਸੀ – ਐੱਮਐੱਫ਼ਆਈ ਨੇ ਓਐੱਨਡੀ'19 ਤੋਂ ਓਐੱਨਡੀ'20 ਵਿੱਚ ਸਭ ਤੋਂ ਉੱਚਾ ਸਾਲ ਦਰ ਸਾਲ ਦਾ 15% ਵਾਧਾ ਦਰਜ ਕੀਤਾ ਹੈ|




# ਉਦਯੋਗ ਜੋਖਮ ਪ੍ਰੋਫਾਇਲ

# ਘਾਟੇ ਦੇ ਰੁਝਾਨ

Graph-06

Delinquency by Days Past Due




Delinquency by Days Past Due

| Reporting Quarter | 1-29 days past due | 30-59 days past due | 60-89 days past due | 90-179 days past due | 1-179 days past due |
|---|---|---|---|---|---|
| Dec' 19 | 1.27% | 0.60% | 0.30% | 0.51% | 2.69% |
| Mar' 20 | 2.06% | 0.50% | 0.42% | 0.86% | 3.84% |
| Jun' 20 | 1.30% | 1.03% | 0.43% | 0.43% | 3.20% |
| Sep' 20 | 15.35% | 3.47% | 0.39% | 0.63% | 19.83% |
| Dec' 20 | 7.50% | 4.73% | 3.49% | 4.96% | 20.68% |


Table-06

- ਉਦਯੋਗ 1+ ਘਾਟੇ ਦਸੰਬਰ 2020 ਵਿੱਚ 20.68% 'ਤੇ ਇੱਕ ਸਿਖਰ ਨੂੰ ਦਰਸਾਉਂਦੇ ਹਨ|
- 1-29 ਦਿਨ ਪਿਛਲਾ ਬਕਾਇਆ ਬਕੇਟ ਦਾ ਦਸੰਬਰ 2020 ਵਿੱਚ ਸਭ ਤੋਂ ਵੱਧ ਘਾਟਾ ਹੈ| ਇਹ ਸਤੰਬਰ 2020 ਦੇ ਮੁਕਾਬਲੇ ਅੱਧਾ ਰਹਿ ਗਿਆ ਹੈ, ਜੋ ਕਿ ਘਾਟੇ ਦੇ ਖਾਤਿਆਂ ਨੂੰ ਉੱਚ ਡੀਪੀਡੀ ਬਕੇਟ ਵਿੱਚ ਬਦਲਣ ਕਾਰਨ ਹੋ ਸਕਦਾ ਹੈ|

**ਨੋਟ:** ਘਾਟੇ ਦੀ ਗਣਨਾ ਦਾ ਅਧਾਰ ਪੀਓਐੱਸ ਹੈ|

# 90+ ਘਾਟੇ - 31 ਦਸੰਬਰ 2020 ਤੱਕ

Graph-07




| Lender Type | 0K-10K | 10K-20K | 20K-30K | 30K-40K | 40K-50K | 50K-60K | 60K Plus |
|---|---|---|---|---|---|---|---|
| Banks | 0.36% | 2.32% | 3.87% | 3.03% | 2.27% | 3.34% | 7.74% |
| SFBs | 1.39% | 3.40% | 7.91% | 4.90% | 3.86% | 3.30% | 2.86% |
| NBFC-MFIs | 4.29% | 7.26% | 7.93% | 6.72% | 6.45% | 5.34% | 2.61% |
| NBFCs | 30.37% | 9.47% | 4.41% | 3.00% | 0.85% | 1.46% | 1.40% |
| Not for Profit MFIs | 1.28% | 2.12% | 4.48% | 1.32% | 1.71% | 0.83% | 0.52% |

Table-07


- ਰਿਣਦਾਤਾਵਾਂ ਅਤੇ ਟਿਕਟਾਂ ਦੇ ਆਕਾਰ ਦੁਆਰਾ ਘਾਟੇ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਐੱਨਬੀਐੱਫ਼ਸੀ – ਐੱਮਐੱਫ਼ਆਈ, ਜਿਨ੍ਹਾਂ ਵਿੱਚ ਸਭ ਤੋਂ ਵੱਧ 90+ ਘਾਟੇ ਹਨ, ਇਨ੍ਹਾਂ ਵਿੱਚ 90+ ਘਾਟਾ ਸਾਰੇ ਟਿਕਟਾਂ ਦੇ ਅਕਾਰ ਵਿੱਚ ਫੈਲਿਆ ਹੋਇਆ ਹੈ, ਜਦੋਂ ਕਿ ਐੱਨਬੀਐੱਫ਼ਸੀ, ਜਿਨ੍ਹਾਂ ਵਿੱਚ ਸਭ ਤੋਂ ਘੱਟ 90+ ਘਾਟੇ ਹਨ, ਇਨ੍ਹਾਂ ਵਿੱਚ ਜ਼ਿਆਦਾਤਰ 90+ ਘਾਟੇ ਛੋਟੇ ਟਿਕਟ ਦੇ ਆਕਾਰ ਜਿਵੇਂ ਕਿ 0 ਕੇ - 10 ਕੇ ਅਤੇ 10 ਕੇ - 20 ਕੇ ਵਿੱਚ ਹੀ ਕੇਂਦ੍ਰਿਤ ਹਨ|
- ਬੈਂਕਾਂ ਨੂੰ ਛੱਡ ਕੇ ਬਾਕੀ ਸਾਰੇ ਰਿਣਦਾਤਾਵਾਂ ਨੇ 60 ਕੇ ਪਲੱਸ ਟਿਕਟ ਆਕਾਰ ਦੀ ਬਕੇਟ ਵਿੱਚ 90+ ਘਾਟੇ ਨੂੰ ਬਹੁਤ ਵਧੀਆ ਢੰਗ ਨਾਲ ਬਣਾਈ ਰੱਖਿਆ ਹੈ|

**ਨੋਟ**: ਘਾਟੇ ਦੀ ਗਣਨਾ ਦਾ ਅਧਾਰ ਪੀਓਐੱਸ ਹੈ|




# ਭੂਗੋਲਿਕ ਐਕਸਪੋਜ਼ਰ

# ਰਾਜ / ਕੇਂਦਰ ਸ਼ਾਸਤ ਪ੍ਰਦੇਸ਼ ਅਨੁਸਾਰ ਪੋਰਟਫੋਲੀਓ ਬਕਾਇਆ - 31 ਦਸੰਬਰ 2020 ਤੱਕ




- ਦਸੰਬਰ 2020 ਤੱਕ ਸਰਬ ਭਾਰਤੀ ਪੋਰਟਫੋਲੀਓ ਦਾ ਬਕਾਇਆ 228,818 ਕਰੋੜ ਹੈ|
- ਚੋਟੀ ਦੇ 5 ਰਾਜਾਂ (ਪੱਛਮੀ ਬੰਗਾਲ, ਤਮਿਲ ਨਾਡੂ, ਬਿਹਾਰ, ਕਰਨਾਟਕ ਅਤੇ ਮਹਾਰਾਸ਼ਟਰ) ਨੇ ਸਰਬ ਭਾਰਤੀ ਪੋਰਟਫੋਲੀਓ ਵਿੱਚ 55% ਯੋਗਦਾਨ ਪਾਇਆ ਹੈ|
- ਬਹੁਗਿਣਤੀ ਭਾਰਤੀ ਰਾਜਾਂ ਵਿੱਚ 5,000 ਕਰੋੜ ਤੋਂ ਵੱਧ ਦਾ ਪੀਓਐੱਸ ਹੈ|
- ਪੱਛਮੀ ਬੰਗਾਲ ਬਾਕੀ ਕੁੱਲ ਪੋਰਟਫੋਲੀਓ ਬਕਾਏ ਵਿੱਚ ਸਭ ਤੋਂ ਵੱਧ 15% ਦਾ ਯੋਗਦਾਨ ਪਾ ਰਿਹਾ ਹੈ|

# ਰਾਜ / ਕੇਂਦਰ ਸ਼ਾਸਤ ਪ੍ਰਦੇਸ਼ ਅਨੁਸਾਰ 90+ ਘਾਟਾ - 31 ਦਸੰਬਰ 2020 ਤੱਕ





- ਸਰਬ ਭਾਰਤੀ 90+ ਘਾਟਾ ਦਸੰਬਰ 2020 ਨੂੰ 4.96% ਹੈ|
- ਦਸੰਬਰ 2020 ਨੂੰ ਚੋਟੀ ਦੇ 5 ਰਾਜਾਂ ਵਿੱਚੋਂ ਤਮਿਲ ਨਾਡੂ ਵਿੱਚ ਸਭ ਤੋਂ ਘੱਟ 90+ ਘਾਟਾ 2.36% ਸੀ|
- ਦਸੰਬਰ 2020 ਨੂੰ ਚੋਟੀ ਦੇ 5 ਰਾਜਾਂ ਵਿੱਚੋਂ ਪੱਛਮੀ ਬੰਗਾਲ ਵਿੱਚ ਸਭ ਤੋਂ ਵੱਧ 90+ ਘਾਟਾ 8.97% ਸੀ|

**ਨੋਟ**: ਘਾਟੇ ਦੀ ਗਣਨਾ ਦਾ ਅਧਾਰ ਪੀਓਐੱਸ ਹੈ|

EQUIFAX®


sidbi




# ਵਿਆਪਕ ਰਾਜ ਪ੍ਰੋਫਾਇਲ: ਮਹਾਰਾਸ਼ਟਰ

# ਮਹਾਰਾਸ਼ਟਰ: ਰਾਜ ਬਾਰੇ ਜਾਣਕਾਰੀ

Graph-08




| Maharashtra view as on December 2020 | Banks | SFBs | NBFC-MFIs | NBFCs | Not for Profit MFIs | Industry |
|---|---|---|---|---|---|---|
| Active Loans ('000) | 2,793 | 1,565 | 2,988 | 364 | 19 | 7,729 |
| Portfolio Outstanding (` crore) | 5,675 | 3,306 | 6,402 | 800 | 49 | 16,232 |
| Market Share in Portfolio Outstanding | 35% | 20% | 39% | 5% | 1% | 100% |
| Disbursed Amount (` crore) – OND'20 | 2,013 | 667 | 1,869 | 74 | 5 | 4,628 |
| Average Ticket Size (`) – OND'20 | 27,676 | 32,643 | 38,697 | 40,474 | 37,186 | 32,265 |
| 30+ Delinquency (POS) | 16.30% | 19.39% | 17.54% | 22.59% | 43.41% | 17.81% |
| 90+ Delinquency (POS) | 5.39% | 10.59% | 9.66% | 2.85% | 12.46% | 8.03% |

Table-08

- 31 ਦਸੰਬਰ 2020 ਤੱਕ ਮਹਾਰਾਸ਼ਟਰ ਨੇ ਐਕਟਿਵ ਕਰਜ਼ਿਆਂ ਅਤੇ ਬਕਾਇਆ ਪੋਰਟਫੋਲੀਓ ਦੇ ਮਾਮਲੇ ਵਿੱਚ ਸਰਬ ਭਾਰਤੀ ਐੱਮਐੱਫ਼ਆਈ ਪੋਰਟਫੋਲੀਓ ਵਿੱਚ 7% ਦਾ ਯੋਗਦਾਨ ਪਾਇਆ|
- ਐੱਨਬੀਐੱਫ਼ਸੀ – ਐੱਮਐੱਫ਼ਆਈ ਬਕਾਇਆ ਪੋਰਟਫੋਲੀਓ ਵਿੱਚ 39% ਯੋਗਦਾਨ ਪਾਉਂਦੇ ਹਨ|
- ਮਹਾਂਰਾਸ਼ਟਰ ਵਿੱਚ ਹੋਰਨਾਂ ਰਿਣਦਾਤਾਵਾਂ ਦੀ ਤੁਲਨਾ ਵਿੱਚ ਐੱਨਬੀਐੱਫ਼ਸੀ ਦੇ ਏਟੀਐੱਸ ਸਭ ਤੋਂ ਵੱਧ ਹਨ|
- ਮਹਾਰਾਸ਼ਟਰ ਦੇ ਹੋਰ ਰਿਣਦਾਤਾਵਾਂ ਦੇ ਮੁਕਾਬਲੇ ਐੱਨਬੀਐੱਫ਼ਸੀ ਨੇ 90+ ਘਾਟਾ ਬਹੁਤ ਵਧੀਆ ਢੰਗ ਨਾਲ ਕਾਇਮ ਰੱਖਿਆ ਹੈ|

# ਮਹਾਰਾਸ਼ਟਰ: ਵੰਡ ਦੇ ਰੁਝਾਨ


No. of Loans ('000)

| Ticket Size | OND' 19 | JFM' 20 | AMJ' 20 | JAS' 20 | OND' 20 |
|---|---|---|---|---|---|
| 0K-10K | 106 | 74 | 6 | 31 | 258 |
| 10K-20K | 154 | 135 | 75 | 145 | 143 |
| 20K-30K | 495 | 486 | 13 | 130 | 315 |
| 30K-40K | 478 | 486 | 14 | 130 | 235 |
| 40K-50K | 187 | 223 | 6 | 95 | 165 |
| 50K-60K | 132 | 154 | 6 | 62 | 151 |
| 60K Plus | 69 | 89 | 5 | 51 | 167 |
| Total | 1,621 | 1,647 | 125 | 644 | 1,434 |

Table-09

- ਸਾਲ ਦਰ ਸਾਲ ਦੇ ਅਧਾਰ 'ਤੇ ਮਹਾਂਰਾਸ਼ਟਰ ਵਿੱਚ ਵੰਡ ਦੀ ਗਿਣਤੀ ਵਿੱਚ 11.5% ਦੀ ਗਿਰਾਵਟ ਆਈ ਹੈ ਜਦਕਿ ਸਰਬ ਭਾਰਤੀ ਪੱਧਰ 'ਤੇ ਸਾਲ ਦਰ ਸਾਲ 3% ਦਾ ਵਾਧਾ ਹੋਇਆ ਹੈ|
- 60 ਕੇ ਪਲੱਸ ਸ਼੍ਰੇਣੀ ਵਿੱਚ ਓਐੱਨਡੀ'19 ਤੋਂ ਓਐੱਨਡੀ'20 ਵਿੱਚ 142% ਦਾ ਸਾਲ ਦਰ ਸਾਲ ਵਾਧਾ ਦਰਜ ਕੀਤਾ ਗਿਆ ਹੈ|


# ਮਹਾਰਾਸ਼ਟਰ: ਪੋਰਟਫੋਲੀਓ ਰੁਝਾਨ




- ਮਹਾਰਾਸ਼ਟਰ ਨੇ ਦਸੰਬਰ 2019 ਤੋਂ ਦਸੰਬਰ 2020 ਤੱਕ ਸਾਲ ਦਰ ਸਾਲ ਦੀ 17% ਵਾਧਾ ਦਰ ਦਰਜ ਕੀਤੀ ਹੈ|
- ਬੈਂਕ ਹੌਲੀ-ਹੌਲੀ ਕੋਵਿਡ ਮਿਆਦ ਤੋਂ ਠੀਕ ਹੋ ਰਹੇ ਹਨ ਅਤੇ ਇਨ੍ਹਾਂ ਨੇ ਸਤੰਬਰ 2020 ਤੋਂ ਦਸੰਬਰ 2020 ਤੱਕ 2% ਦਾ ਵਾਧਾ ਦਰਜ ਕੀਤਾ ਹੈ, ਪਰ ਐੱਸਐੱਫ਼ਬੀ ਨੇ ਉਸੇ ਸਮੇਂ ਦੌਰਾਨ 15% ਦਾ ਨੈਗੀਟਿਵ ਵਾਧਾ ਦੇਖਿਆ ਹੈ|
- ਮਹਾਰਾਸ਼ਟਰ ਵਿੱਚ ਸਾਰੀਆਂ ਤਿਮਾਹੀਆਂ ਵਿੱਚ ਐੱਨਬੀਐੱਫ਼ਸੀ – ਐੱਮਐੱਫ਼ਆਈ ਦਾ ਮਾਰਕਿਟ ਸ਼ੇਅਰ ਸਭ ਤੋਂ ਵੱਧ ਹੈ|

# ਮਹਾਰਾਸ਼ਟਰ: 90+ ਘਾਟੇ ਦਾ ਰੁਝਾਨ

Graph-10




- ਹੋਰ ਤਿਮਾਹੀਆਂ ਦੇ ਮੁਕਾਬਲੇ ਦਸੰਬਰ 2020 ਵਿੱਚ ਸਾਰੇ ਕਰਜ਼ਾ ਦੇਣ ਵਾਲਿਆਂ ਲਈ 90+ ਘਾਟੇ ਸਭ ਤੋਂ ਵੱਧ ਹਨ|
- ਦਸੰਬਰ 2020 ਵਿੱਚ ਮੁਨਾਫ਼ੇ ਤੋਂ ਬਗੈਰ ਵਾਲੇ ਐੱਮਐੱਫ਼ਆਈ ਵਿੱਚ ਸਭ ਤੋਂ ਵੱਧ ਘਾਟਾ 12.46% ਰਿਹਾ|


**ਨੋਟ**: ਘਾਟੇ ਦੀ ਗਣਨਾ ਦਾ ਅਧਾਰ ਪੀਓਐੱਸ ਹੈ|


New Delhi
Jodhpur
Jaipur
Agra
Kanpur
NEPAL
Kathmandu
Ganges
INDIA
Bhopal
Varanasi
Nagpur
Kolkata
(Calcutta)


# ਅਭਿਲਾਸ਼ੀ ਜ਼ਿਲ੍ਹੇ

# ਅਭਿਲਾਸ਼ੀ ਜ਼ਿਲ੍ਹੇ - ਦਸੰਬਰ 2020 ਸੰਖੇਪ

Graph-11




Graph-12




| Aspirational Districts Growth Particulars | December 2017 | December 2020 | Growth % |
|---|---|---|---|
| Active Customer Penetration ('000) | 4,155 | 7,900 | 90% |
| Disbursement Amount (`crore) | 14,374 * | 23,914 ** | 66% |
| Active Loans ('000) | 6,925 | 13,299 | 92% |
| Portfolio Outstanding (`crore) | 11,175 | 28,256 | 153% |
| 30+ Delinquency | 1.54% | 12.17% | - |
| 90+ Delinquency | 0.75% | 4.12% | - |

Table-10

- ਦਸੰਬਰ 2020 ਤੱਕ, ਅਭਿਲਾਸ਼ੀ ਜ਼ਿਲ੍ਹਿਆਂ ਵਿੱਚ ਕੁੱਲ ਪੋਰਟਫੋਲੀਓ ਬਕਾਇਆ 28,256 ਕਰੋੜ ਰੁਪਏ ਹੈ, ਜਿਸ ਵਿੱਚ ਬੈਂਕਾਂ ਦਾ 42% ਹਿੱਸਾ ਹੈ, ਇਸ ਤੋਂ ਬਾਅਦ ਐੱਨਬੀਐੱਫਸੀ – ਐੱਮਐੱਫਆਈ ਦਾ ਹਿੱਸਾ 36% ਹੈ|
- ਅਭਿਲਾਸ਼ੀ ਜ਼ਿਲ੍ਹਿਆਂ ਵਿੱਚ ਐੱਨਬੀਐੱਫਸੀ – ਐੱਮਐੱਫਆਈ ਦੇ ਸਭ ਤੋਂ ਵੱਧ 90+ ਘਾਟੇ ਹਨ|
- ਦਸੰਬਰ 2017 ਤੋਂ ਦਸੰਬਰ 2020 ਤੱਕ, ਪੋਰਟਫੋਲੀਓ ਬਕਾਇਆ 153% ਨਾਲ ਵਧਿਆ ਹੈ ਅਤੇ ਵੰਡ ਦੀ ਰਕਮ ਵਿੱਚ 66% ਦਾ ਵਾਧਾ ਹੋਇਆ ਹੈ|

ਨੋਟ: * ਜਨਵਰੀ 2017 ਤੋਂ ਦਸੰਬਰ 2017 ਤੱਕ ਵੰਡ
** ਜਨਵਰੀ 2020 ਤੋਂ ਦਸੰਬਰ 2020 ਤੱਕ ਵੰਡ   ਘਾਟੇ ਦੀ ਗਣਨਾ ਦਾ ਅਧਾਰ ਪੀਓਐੱਸ ਹੈ|

EQUIFAX

sidbi




# ਅਸਾਮ

## ਬਾਰੇ ਸੰਖੇਪ ਜਾਣਕਾਰੀ

# ਅਸਾਮ ਬਾਰੇ ਸੰਖੇਪ ਜਾਣਕਾਰੀ - ਦਸੰਬਰ 2019 ਅਤੇ


Graph-13




- ਬੈਂਕਾਂ ਨੇ ਦਸੰਬਰ 2019 ਤੋਂ ਦਸੰਬਰ 2020 ਤੱਕ 5% ਦਾ ਸਾਲ ਦਰ ਸਾਲ ਵਾਧਾ ਦਰਜ ਕੀਤਾ|
- ਦਸੰਬਰ 2019 ਅਤੇ ਦਸੰਬਰ 2020 ਵਿੱਚ ਅਸਾਮ ਦੇ ਕੁੱਲ ਪੋਰਟਫੋਲੀਓ ਬਕਾਏ ਵਿੱਚ ਬੈਂਕਾਂ ਦਾ ਯੋਗਦਾਨ ਸਭ ਤੋਂ ਵੱਧ ਹੈ|
- ਦਸੰਬਰ 2019 ਦੀ ਤੁਲਨਾ ਵਿੱਚ ਦਸੰਬਰ 2020 ਵਿੱਚ ਸਾਰੇ ਰਿਣਦਾਤਾਵਾਂ ਵਿੱਚ 90+ ਘਾਟੇ ਵਧੇ ਹਨ|
- ਦਸੰਬਰ 2020 ਨੂੰ ਅਸਾਮ ਦੇ 90+ ਘਾਟੇ ਸਰਬ ਭਾਰਤੀ 90+ ਘਾਟੇ ਨਾਲੋਂ ਵੱਧ ਸਨ|

# ਅਸਾਮ – ਸਰੋਤਾਂ ਦੇ ਰੁਝਾਨ

Graph-14




Average Ticket Size (in `)

| Lender Type | OND' 19 | OND' 20 | Y-o-Y growth rate % |
|---|---|---|---|
| Banks | 62,034 | 31,368 | -49% |
| SFBs | 39,932 | 40,898 | 2% |
| NBFC – MFIs | 30,734 | 25,975 | -15% |
| NBFCs | 32,989 | 40,733 | 23% |
| Overall ATS of Assam | 48,524 | 30,259 | -38% |

Table-11

- ਓਐੱਨਡੀ'19 ਤੋਂ ਓਐੱਨਡੀ'20 ਤੱਕ ਸਮੁੱਚੇ ਕਰਜ਼ੇ ਦੀ ਮਾਤਰਾ ਵਿੱਚ 79% ਤੱਕ ਵਾਧਾ ਹੋਇਆ ਹੈ|
- ਅਸਾਮ ਦੇ ਕੁੱਲ ਏਟੀਐੱਸ 38% ਘੱਟ ਗਏ ਹਨ, ਇਹ ਓਐੱਨਡੀ'19 ਵਿੱਚ 48,524 ਤੋਂ ਘਟ ਕੇ ਓਐੱਨਡੀ'20 ਵਿੱਚ 30,259 ਰਹਿ ਗਏ|

# ਐੱਸਆਈਡੀਬੀਆਈ/ ਸਿਡਬੀ ਬਾਰੇ

ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ਼ ਇੰਡੀਆ (ਸਿਡਬੀ) ਦੀ ਸਥਾਪਨਾ ਸੰਸਦ ਦੇ ਇੱਕ ਐਕਟ ਦੇ ਅਧੀਨ 1990 ਵਿੱਚ ਕੀਤੀ ਗਈ ਸੀ। ਸਿਡਬੀ ਨੂੰ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ (ਐੱਮਐੱਸਐੱਮਈ ਖੇਤਰ) ਦੇ ਪ੍ਰਮੋਸ਼ਨ, ਵਿੱਤ ਅਤੇ ਵਿਕਾਸ ਦੇ ਤੀਹਰੇ ਏਜੰਡੇ ਨੂੰ ਲਾਗੂ ਕਰਨ ਲਈ ਪ੍ਰਮੁੱਖ ਵਿੱਤੀ ਸੰਸਥਾ ਵਜੋਂ ਕੰਮ ਕਰਨ ਅਤੇ ਇਸੇ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਵੱਖ-ਵੱਖ ਸੰਸਥਾਵਾਂ ਦੇ ਕਾਰਜਾਂ ਵਿਚਕਾਰ ਤਾਲਮੇਲ ਬਣਾਈ ਰੱਖਣ ਦਾ ਹੁਕਮ ਦਿੱਤਾ ਗਿਆ ਹੈ| ਸਾਲਾਂ ਦੌਰਾਨ, ਆਪਣੇ ਵੱਖ-ਵੱਖ ਵਿੱਤੀ ਅਤੇ ਵਿਕਾਸ ਦੇ ਉਪਾਵਾਂ ਦੁਆਰਾ, ਬੈਂਕ ਨੇ ਸਮਾਜ ਦੇ ਵੱਖ-ਵੱਖ ਸਮੂਹਾਂ ਦੇ ਲੋਕਾਂ ਦੀ ਜ਼ਿੰਦਗੀ ਨੂੰ ਛੂਹਿਆ ਹੈ, ਪੂਰੇ ਐੱਮਐੱਸਐੱਮਈ ਖੇਤਰ ਵਿੱਚ ਉੱਦਮਾਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਐੱਮਐੱਸਐੱਮਈ ਦੀ ਵਾਤਾਵਰਣ ਪ੍ਰਣਾਲੀ ਵਿੱਚ ਕਈ ਭਰੋਸੇਮੰਦ ਸੰਸਥਾਵਾਂ ਨਾਲ ਇਕਜੁੱਟਤਾ ਬਣਾਈ ਹੈ|

ਵਿਜ਼ਨ 2.0 ਦੇ ਤਹਿਤ, ਸਿਡਬੀ ਨੇ ਐੱਮਐੱਸਐੱਮਈ ਖੇਤਰ ਵਿੱਚ ਜਾਣਕਾਰੀ ਦੇ ਬੇਤਰਤੀਬੇਪਣ ਨੂੰ ਸੰਬੋਧਿਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਦੀ ਅਗਵਾਈ ਕੀਤੀ ਹੈ ਜਿਨ੍ਹਾਂ ਵਿੱਚ ਮਾਈਕਰੋਫਾਈਨਾਂਸ ਪਲਸ ਤੋਂ ਇਲਾਵਾ, ਐੱਮਐੱਸਈ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਦਾ ਅੰਦਾਜ਼ਾ ਲਗਾਉਣ ਲਈ ਐੱਮਐੱਸਐੱਮਈ ਅਤੇ ਕ੍ਰੀਸਿਡੈਕਸ ਦਾ ਸਿਹਤ ਟ੍ਰੈਕਰ - ਐੱਮਐੱਸਐੱਮਈ ਪਲਸ, ਉਦਯੋਗ ਖੇਤਰ ਉੱਤੇ ਢੁੱਕਵੀਂ ਰਿਪੋਰਟ ਦੇ ਲਈ - ਇੰਡਸਟਰੀ ਸਪਾਟਲਾਈਟ ਅਤੇ ਫਿਨਟੈਕ ਲੈਂਡਿੰਗ ਸੈਗਮੈਂਟ ਉੱਤੇ ਕ੍ਰੈਡਿਟ ਡਾਟਾ ਇਨਸਾਇਟ ਦੇ ਲਈ ਫਿਨਟੈਕ ਪਲਸ ਸ਼ਾਮਲ ਹਨ|

# ਮਾਈਕ੍ਰੋਫਾਈਨਾਂਸ ਸਪੇਸ ਵਿੱਚ ਸਿਡਬੀ

ਸਿਡਬੀ ਨੇ ਮਾਈਕ੍ਰੋਫਾਈਨਾਂਸ ਲਹਿਰ ਨੂੰ ਸਮਰਥਨ ਦੇ ਕੇ ਸੰਮਲਿਤ ਵਿੱਤ ਏਜੰਡੇ ਨੂੰ ਅੱਗੇ ਵਧਾਉਣ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ| ਮਾਈਕ੍ਰੋਫਾਈਨਾਂਸ ਦੇ ਤਹਿਤ, ਬੈਂਕ ਨੇ ਕੁੱਲ ਰੂਪ ਵਿੱਚ ਮਾਰਚ 2020 ਤੱਕ 100 ਤੋਂ ਵੱਧ ਐੱਮਐੱਫ਼ਆਈ ਨੂੰ 19,871 ਕਰੋੜ ਰੁਪਏ ਜਾਰੀ ਕੀਤੇ ਹਨ| ਐੱਮਐੱਫ਼ਆਈ ਨੂੰ ਕਰਜ਼ਾ ਅਤੇ ਇਕੁਈਟੀ ਸਹਾਇਤਾ ਇਨ੍ਹਾਂ ਸੰਸਥਾਵਾਂ ਦੀ ਸਮਰੱਥਾ ਵਧਾਉਣ ਲਈ ਦਿੱਤੀ ਜਾਂਦੀ ਹੈ ਅਤੇ ਕਾਰਪੋਰੇਟ ਗਵਰਨੈਂਸ ਕਲਚਰ ਨੂੰ ਅਪਨਾਉਣ ਲਈ ਕੰਪਲਾਇੰਸ ਅਸੈਸਮੈਂਟ ਟੂਲਜ਼ ਆਦਿ ਰਾਹੀਂ ਸਹਾਇਤਾ ਕੀਤੀ ਜਾਂਦੀ ਹੈ| ਇਸ ਤੋਂ ਇਲਾਵਾ ਮਾਈਕ੍ਰੋਫਾਈਨਾਂਸ ਉਦਯੋਗ ਨੂੰ ਨਾਜ਼ੁਕ ਸ਼ੁਰੂਆਤ ਤੋਂ ਇੱਕ ਸੰਪੂਰਣ ਉਦਯੋਗ ਤੱਕ ਸੰਭਾਲਣ ਤੋਂ ਇਲਾਵਾ, ਸਾਡੇ ਐੱਮਐੱਫ਼ਆਈ ਦੇ 8 ਹਿੱਸੇਦਾਰਾਂ ਨੂੰ ਐੱਸਐੱਫ਼ਬੀ/ ਯੂਨੀਵਰਸਲ ਬੈਂਕਾਂ ਵਿੱਚ ਤਬਦੀਲ ਕਰਨਾ ਵੀ ਸਿਡਬੀ ਦਾ ਕੰਮ ਹੈ| ਸਿਡਬੀ (ਭਾਈਵਾਲੀ ਪ੍ਰਬੰਧਾਂ ਰਾਹੀਂ) ਤੋਂ ਸਿੱਧੇ ਤੌਰ ’ਤੇ ਮਾਰਕੀਟ ਦੀਆਂ ਦਰਾਂ ਨਾਲੋਂ ਕਾਫ਼ੀ ਘੱਟ ਵਿਆਜ ਦਰਾਂ ’ਤੇ ਛੋਟੇ ਕਰਜ਼ੇ ਉਪਲਬਧ ਕਰਾਉਣਾ ਮਾਇਕਰੋ ਲੈਂਡਿੰਗ ਦੀ ਇੱਕ ਨਵੀਂ ਪਹਿਲ ਹੈ| ਪ੍ਰਯਾਸ ਸਿਰਲੇਖ ਵਾਲੀ ਇਸ ਪਹਿਲਕਦਮੀ ਤਹਿਤ, ਬੈਂਕ ਵੱਲੋਂ ਪਿਰਾਮਿਡ ਦੇ ਸਭ ਤੋਂ ਹੇਠਾਂ ਵਾਲੇ ਛੋਟੇ ਕਰਜ਼ਦਾਰਾਂ ਨੂੰ 50000 ਰੁਪਏ ਤੋਂ ਲੈ ਕੇ 5 ਲੱਖ ਰੁਪਏ ਤੱਕ ਦੇ ਛੋਟੀਆਂ ਟਿਕਟਾਂ ਦੇ ਸਾਈਜ਼ ਦੇ ਕਰਜ਼ੇ ਵੰਡੇ ਗਏ ਹਨ ਜਿਨ੍ਹਾਂ ਨੂੰ ਭਾਈਵਾਲੀ ਮਾੱਡਲ ਦੇ ਤਹਿਤ ਬਾਜ਼ਾਰ ਦੀਆਂ ਦਰਾਂ ਨਾਲੋਂ ਤੁਲਨਾਤਮਕ ਘੱਟ ਵਿਆਜ ਦਰਾਂ ’ਤੇ ਦਿੱਤਾ ਗਿਆ ਹੈ|

# ਇਕੁਇਫੈਕਸ ਬਾਰੇ

ਇਕੁਇਫੈਕਸ ਇੱਕ ਗਲੋਬਲ ਇਨਫਾਰਮੇਸ਼ਨ ਸੋਲਿਊਸ਼ਨ ਕੰਪਨੀ ਹੈ ਜੋ ਵਿਸ਼ਵ ਭਰ ਦੇ ਸੰਗਠਨਾਂ ਅਤੇ ਵਿਅਕਤੀਆਂ ਲਈ ਭਰੋਸੇਯੋਗ ਵਿਲੱਖਣ ਅੰਕੜੇ, ਨਵੀਨਤਕਾਰੀ ਵਿਸ਼ਲੇਸ਼ਣ, ਤਕਨਾਲੋਜੀ ਅਤੇ ਉਦਯੋਗਿਕ ਮੁਹਾਰਤ ਦੀ ਵਰਤੋਂ ਨਾਲ ਗਿਆਨ ਨੂੰ ਸੂਝ ਵਿੱਚ ਬਦਲਣ ਦੀ ਤਾਕਤ ਦਿੰਦੀ ਹੈ ਜਿਸ ਨਾਲ ਵਧੇਰੇ ਜਾਣਕਾਰੀ ਵਾਲੇ ਕਾਰੋਬਾਰ ਅਤੇ ਵਿਅਕਤੀਗਤ ਫੈਸਲੇ ਲੈਣ ਵਿੱਚ ਸਹਾਇਤਾ ਹੁੰਦੀ ਹੈ|

ਐਟਲਾਂਟਾ, ਗਾ, ਵਿਖੇ ਇਕੁਇਫੈਕਸ ਦਾ ਮੁੱਖ ਦਫ਼ਤਰ ਹੈ, ਜੋ ਉੱਤਰੀ ਅਮਰੀਕਾ, ਮੱਧ ਅਤੇ ਦੱਖਣੀ ਅਮਰੀਕਾ, ਯੂਰਪ ਅਤੇ ਏਸ਼ੀਆ ਪ੍ਰਸ਼ਾਂਤ ਖੇਤਰ ਦੇ 24 ਦੇਸ਼ਾਂ ਵਿੱਚ ਕੰਮ ਕਰਦੀ ਹੈ ਜਾਂ ਉੱਥੇ ਇਸਦਾ ਨਿਵੇਸ਼ ਹੈ| ਇਹ ਸਟੈਂਡਰਡ ਐਂਡ ਪੂਅਰਜ਼ (ਐੱਸ ਐਂਡ ਪੀ) 500® ਇੰਡੈਕਸ ਦਾ ਮੈਂਬਰ ਹੈ ਅਤੇ ਨਿਊ ਯਾਰਕ ਸਟਾਕ ਐਕਸਚੇਂਜ (ਐੱਨਵਾਈਐੱਸਈ) ਉੱਤੇ ਈਐੱਫ਼ਐਕਸ ਦੇ ਪ੍ਰਤੀਕ ਦੇ ਤਹਿਤ ਇਸਦੇ ਕਾਮਨ ਸਟਾਕ ਦਾ ਵਪਾਰ ਕੀਤਾ ਜਾਂਦਾ ਹੈ| ਵਿਸ਼ਵ ਭਰ ਵਿੱਚ ਇਕੁਇਫੈਕਸ ਦੇ ਵਿੱਚ 11,000 ਕਰਮਚਾਰੀ ਨੌਕਰੀ ਕਰਦੇ ਹਨ| ਕ੍ਰੈਡਿਟ ਉਦਯੋਗ ਵਿੱਚ 120 ਸਾਲਾਂ ਤੋਂ ਵੱਧ ਦੀ ਇੱਕ ਵਿਸ਼ਵਵਿਆਪੀ ਵਿਰਾਸਤ ਦੇ ਨਾਲ, 2010 ਵਿੱਚ, ਇਕੁਇਫੈਕਸ ਨੇ ਭਾਰਤ ਦੀ ਮਾਰਕੀਟ ਵਿੱਚ ਇੱਕ ਮੌਜੂਦਗੀ ਸਥਾਪਤ ਕੀਤੀ ਅਤੇ ਸੀਆਈਸੀ ਵਜੋਂ ਕੰਮ ਕਰਨ ਲਈ ਆਰਬੀਆਈ ਦੁਆਰਾ ਲਾਇਸੈਂਸ ਪ੍ਰਾਪਤ ਕੀਤਾ ਸੀ। ਪਿਛਲੇ 9 ਸਾਲਾਂ ਵਿੱਚ, ਕ੍ਰੈਡਿਟ ਬਿਊਰੋ ਦੇ 4000 + ਮੈਂਬਰ ਹੋ ਗਏ ਹਨ ਜਿਸ ਵਿੱਚ ਬੈਂਕ, ਐੱਨਬੀਐੱਫ਼ਸੀ, ਐੱਮਐੱਫ਼ਆਈ ਅਤੇ ਬੀਮਾਕਰਤਾ ਸ਼ਾਮਲ ਹਨ| ਇਹ ਮੈਂਬਰ ਲੱਖਾਂ ਭਾਰਤੀ ਉਪਭੋਗਤਾਵਾਂ ਦੀ ਜਨਸੰਖਿਆ ਸੰਬੰਧੀ ਅਤੇ ਮੁੜ ਅਦਾਇਗੀ ਸੰਬੰਧੀ ਜਾਣਕਾਰੀ ਪ੍ਰਦਾਨ ਕਰਦੇ ਹਨ| 2014 ਵਿੱਚ, ਇਕੁਇਫੈਕਸ ਨੇ ਇੱਕ ਵਿਸ਼ਲੇਸ਼ਣ ਫਰਮ ਦੀ ਪ੍ਰਾਪਤੀ ਦੁਆਰਾ ਭਾਰਤ ਵਿੱਚ ਆਪਣੇ ਪੈਰ ਹੋਰ ਪਸਾਰੇ| ਇਕੁਇਫੈਕਸ ਐਨਾਲਿਟਿਕਸ ਪ੍ਰਾਈਵੇਟ ਲਿਮਿਟਿਡ - ਭਾਰਤ ਵਿੱਚ ਇਕੁਇਫੈਕਸ ਦੀ ਪੂਰੀ ਮਲਕੀਅਤ ਵਾਲੀ ਵਿਸ਼ਲੇਸ਼ਣ ਇਕਾਈ ਹੈ, ਜੋ ਅਨੋਖੇ ਅਨੁਕੂਲਿਤ ਵਿਸ਼ਲੇਸ਼ਣ ਹੱਲ ਪੇਸ਼ ਕਰਦੀ ਹੈ ਜੋ ਕਾਰੋਬਾਰਾਂ ਦੀ ਕਾਰਗੁਜ਼ਾਰੀ ਅਤੇ ਉਪਭੋਗਤਾਵਾਂ ਦੀ ਜ਼ਿੰਦਗੀ ਦੋਹਾਂ ਨੂੰ ਸੰਪੰਨ ਕਰਦੀ ਹੈ|


**ਡਿਸਕਲੇਮਰ**

Theਮਾਈਕ੍ਰੋਫਾਈਨਾਂਸ ਪਲਸ (ਰਿਪੋਰਟ) ਨੂੰ ਇਕੁਇਫੈਕਸ ਕ੍ਰੈਡਿਟ ਇਨਫਾਰਮੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ (ਇਕੁਇਫੈਕਸ) ਦੁਆਰਾ ਤਿਆਰ ਕੀਤਾ ਗਿਆ ਹੈ| ਰਿਪੋਰਟ ਤੱਕ ਪਹੁੰਚ ਕੇ ਅਤੇ ਇਸਤੇਮਾਲ ਕਰਕੇ, ਯੂਜ਼ਰ ਸਵੀਕਾਰ ਕਰਦਾ ਹੈ ਅਤੇ ਮੰਨਦਾ ਹੈ ਕਿ ਅਜਿਹੀ ਵਰਤੋਂ ਇਸ ਡਿਸਕਲੇਮਰ ਦੇ ਅਧੀਨ ਹੈ| ਇਹ ਰਿਪੋਰਟ ਦਸੰਬਰ 2020 ਤੱਕ ਮਾਈਕਰੋਫਾਈਨਾਂਸ ਸੰਸਥਾਵਾਂ, ਜੋ ਇਕੁਇਫੈਕਸ ਦੀਆਂ ਮੈਂਬਰ ਹਨ, ਉਨ੍ਹਾਂ ਦੁਆਰਾ ਉਚਿਤ ਰੂਪ ਵਿੱਚ ਦਿੱਤੀ ਗਈ ਜਾਣਕਾਰੀ ਦੇ ਸੰਗ੍ਰਹਿ ’ਤੇ ਅਧਾਰਤ ਹੈ| ਹਾਲਾਂਕਿ ਇਕੁਇਫੈਕਸ ਨੇ ਰਿਪੋਰਟ ਤਿਆਰ ਕਰਨ ਵਿੱਚ ਢੁੱਕਵੀਂ ਦੇਖਭਾਲ ਅਪਣਾਈ ਹੈ, ਪਰ ਇਹ ਮਾਈਕ੍ਰੋਫਾਈਨਾਂਸ ਸੰਸਥਾਵਾਂ ਦੁਆਰਾ ਦਿੱਤੀ ਗਈ ਗਲਤ ਜਾਂ ਨਾਕਾਫੀ ਜਾਣਕਾਰੀ ਲਈ ਖੁਦ ਜ਼ੁੰਮੇਵਾਰ ਨਹੀਂ ਹੋਵੇਗਾ| ਇਸ ਤੋਂ ਇਲਾਵਾ, ਇਕੁਇਫੈਕਸ ਰਿਪੋਰਟ ਵਿਚਲੀ ਜਾਣਕਾਰੀ ਦੀ ਯੋਗਤਾ ਜਾਂ ਪੂਰਨਤਾ ਦੀ ਗਰੰਟੀ ਨਹੀਂ ਦਿੰਦਾ ਅਤੇ/ ਜਾਂ ਕਿਸੇ ਖਾਸ ਮਕਸਦ ਲਈ ਇਸਦੀ ਅਨੁਕੂਲਤਾ ਲਈ ਨਾ ਹੀ ਇਕੁਇਫੈਕਸ, ਰਿਪੋਰਟ ਤੱਕ ਕਿਸੇ ਪਹੁੰਚ ਜਾਂ ਨਿਰਭਰਤਾ ਲਈ ਜ਼ਿੰਮੇਵਾਰ ਹੈ ਅਤੇ ਸਪੱਸ਼ਟ ਤੌਰ ’ਤੇ ਇਕੁਇਫੈਕਸ ਅਜਿਹੀ ਸਾਰੀ ਜ਼ਿੰਮੇਵਾਰੀ ਤੋਂ ਇਨਕਾਰ ਕਰਦਾ ਹੈ| ਇਸ ਰਿਪੋਰਟ ਦੀ ਕਿਸੇ ਕਾਰਜ, ਉਤਪਾਦ ਨੂੰ ਮੰਨਣ ਜਾਂ ਨਾ ਮੰਨਣ ਜਾਂ ਸਵੀਕਾਰ ਕਰਨ ਲਈ ਸਿਫਾਰਸ਼ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਇਸ ਰਿਪੋਰਟ ਦੀ ਕਿਸੇ ਸੰਬੰਧਤ ਵਿਅਕਤੀ ਜਾਂ ਇਕਾਈ ਨੂੰ (I) ਕਰਜ਼ਾ ਦੇਣ ਜਾਂ ਨਾ ਦੇਣ ਅਤੇ (ii) ਕਿਸੇ ਵਿੱਤੀ ਲੈਣ-ਦੇਣ ਵਿੱਚ ਦਾਖਲ ਹੋਣ ਜਾਂ ਨਾ ਹੋਣ ਦੇ ਲਈ ਕੋਈ ਸਿਫਾਰਸ਼ ਕੀਤੀ ਜਾਂਦੀ ਹੈ| ਰਿਪੋਰਟ ਵਿਚਲੀ ਜਾਣਕਾਰੀ ਕੋਈ ਸਲਾਹ ਦਾ ਅਧਾਰ ਨਹੀਂ ਰੱਖਦੀ ਅਤੇ ਇਸ ਰਿਪੋਰਟ ਵਿੱਚ ਸ਼ਾਮਲ ਜਾਣਕਾਰੀ ਦੇ ਅਧਾਰ ’ਤੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਉਪਭੋਗਤਾ ਨੂੰ ਉਹ ਸਾਰੇ ਜ਼ਰੂਰੀ ਵਿਸ਼ਲੇਸ਼ਣ ਖੁਦ ਕਰਨੇ ਚਾਹੀਦੇ ਹਨ ਜੋ ਉਸਦੀ ਰਾਏ ਵਿੱਚ ਸਮਝਦਾਰੀ ਬਣਾਉਣ ਵਿੱਚ ਸਹਾਇਤਾ ਕਰੇ| ਰਿਪੋਰਟ ਦੀ ਵਰਤੋਂ ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ (ਰੈਗੂਲੇਸ਼ਨ) ਐਕਟ 2005, ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ ਰੈਗੂਲੇਸ਼ਨਜ਼, 2006, ਕ੍ਰੈਡਿਟ ਇਨਫਾਰਮੇਸ਼ਨ ਕੰਪਨੀਜ਼ ਰੂਲਜ਼, 2006 ਦੀਆਂ ਧਾਰਾਵਾਂ ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। ਬਿਨਾਂ ਪ੍ਰਵਾਨਗੀ ਤੋਂ ਰਿਪੋਰਟ ਦੇ ਕਿਸੇ ਵੀ ਹਿੱਸੇ ਦੀ ਨਕਲ, ਵੰਡ ਜਾਂ ਪ੍ਰਕਾਸ਼ਤ ਨਹੀਂ ਕੀਤੀ ਜਾਣੀ ਚਾਹੀਦੀ|

## CONTACT DETAILS

**ਇਕੁਇਫੈਕਸ ਕ੍ਰੈਡਿਟ ਇਨਫਾਰਮੇਸ਼ਨ ਸਰਵਿਸਿਜ਼ ਪ੍ਰਾਈਵੇਟ ਲਿਮਟਿਡ**
**ਯੂਨਿਟ ਨੰਬਰ** - 931, **ਤੀਜੀ ਮੰਜ਼ਲ, ਬਿਲਡਿੰਗ ਨੰ:** 9,
**ਸੋਲੀਟੇਅਰ ਕਾਰਪੋਰੇਟ ਪਾਰਕ, ਅੰਧੇਰੀ ਘਾਟਕੋਪਰ ਲਿੰਕ ਰੋਡ, ਅੰਧੇਰੀ**
**(ਪੂਰਬੀ), ਮੁੰਬਈ** - 400 093
**ਟੋਲ ਫ੍ਰੀ ਨੰਬਰ**.: 1800 2093247 ecissupport@equifax.com

**ਸਮਾਲ ਇੰਡਸਟਰੀਜ਼ ਡਿਵੈਲਪਮੈਂਟ ਬੈਂਕ ਆਫ਼ ਇੰਡੀਆ**

ਸਵਾਵਲੰਬਨ ਭਵਨ, ਪਲਾਟ ਨੰਬਰ ਸੀ - 11, 'ਜੀ' ਬਲਾਕ,

ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ),

ਮੁੰਬਈ - 400 051 ਮਹਾਰਾਸ਼ਟਰ

ਟੋਲ ਫ੍ਰੀ ਨੰਬਰ.: 1800 226753
www.sidbi.in/en

ਕਾਪੀਰਾਈਟ © 2020, ਇਕੁਇਫੈਕਸ ਇੰਕ., ਐਟਲਾਂਟਾ, ਜਾਰਜੀਆ| ਸਾਰੇ ਹੱਕ ਰਾਖਵੇਂ ਹਨ| ਇਕੁਇਫੈਕਸ - ਇਕੁਇਫੈਕਸ ਇੰਕ. ਦਾ ਰਜਿਸਟਰਡ ਟ੍ਰੇਡਮਾਰਕ ਹੈ|